# ਵੱਡੀ ਹਵੇਲੀ 'ਚੋਂ ਕੋਈ ਧਾਹਾਂ ਮਾਰਦੀ ਨਿਕਲੀ

ਨਾਟਕ ਬਾਰੇ ਦੋ ਸ਼ਬਦ:

ਆਰਥਕ ਲੁੱਟ ਖਸੁੱਟ ਦੇ ਆਧਾਰ 'ਤੇ ਕਾਇਮ ਕੀਤਾ ਹੋਇਆ ਸਮਾਜ ਆਪਣੀ ਕੁੱਖ ਵਿਚ ਹਰ ਕਿਸਮ ਦਾ ਅਨਿਆਂ ਤੋਂ ਜਬਰ ਸਾਂਭਦਾ ਹੈ। ਇਸ ਜਬਰ ਦੀ ਸਭ ਤੋਂ ਵੱਧ ਸ਼ਿਕਾਰ ਔਰਤ ਹੈ। ਭਾਰਤੀ ਸਮਾਜ ਵਿਚ ਅਖ਼ਬਾਰਾਂ ਔਰਤ ਉਤੇ ਹੋਏ ਜਬਰ ਦੀਆਂ ਵਾਰਦਾਤਾਂ ਨਾਲ ਭਰੀਆਂ ਹੁੰਦੀਆਂ ਹਨ। ਬਹੁਤ ਸਾਰੇ ਲੋਕ ਇਨ੍ਹਾਂ ਵਾਰਦਾਤਾਂ ਨੂੰ ਮਰਦ-ਪ੍ਰਧਾਨ ਸਮਾਜ ਦੇ ਵਰਤਾਰੇ ਦਾ ਭਾਗ ਸਮਝਦੇ ਹਨ ਤੇ ਇਹਦੇ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕਰਕੇ ਆਪਣੀ ਮਾਨਿਸਕ ਤਸੱਲੀ ਕਰ ਲੈਂਦੇ ਹਨ। ਪਰ ਇਨਕਲਾਬੀ ਸੋਚ ਦੇ ਚਿੰਤਕਾਂ ਨੇ ਔਰਤ ਉਤੇ ਹੁੰਦੇ ਜਬਰ ਨੂੰ ਸਮਾਜ ਦੇ ਬੁਨਿਆਦੀ ਢਾਂਚੇ ਨਾਲ ਜੋੜਿਆ ਹੈ। ਪਾਸ਼ ਜਿਥੇ ਇਕ ਉੱਚੀ ਸੰਵੇਦਨਾ ਦਾ ਕਵੀ ਸੀ, ਉਥੇ ਉਹ ਇਨਕਲਾਬੀ ਚਿੰਤਕ ਸੀ। ਉਸਨੂੰ ਔਰਤਾਂ ਅਤੇ ਖ਼ਾਸ ਕਰਕੇ ਗ਼ਰੀਬ ਵਰਗ ਦੀਆਂ ਔਰਤਾਂ ਉਤੇ ਹੋ ਰਹੇ ਜਬਰ ਦੀ ਇਨਕਲਾਬੀ ਸੋਝੀ ਸੀ। ਪਾਸ਼ ਦੀਆਂ ਲਿਖੀਆਂ ਦੋ ਲੋਕ ਬੋਲੀਆਂ, 'ਵੱਡੀ ਹਵੇਲੀ 'ਚ ਕੋਈ ਧਾਹਾਂ ਮਾਰਦੀ ਨਿਕਲੀ' ਅਤੇ 'ਗਰੀਬੂ ਮਜ਼੍ਹਬੀ ਦਾ ਦੌਲਤ ਸ਼ਾਹ ਨਾਲ ਘੋਲ' ਇਸ ਨਾਟਕ ਦੀਆਂ ਪ੍ਰੇਰਨਾ-ਸਰੋਤ ਹਨ। ਪੇਂਡੂ ਨਾਟਕ ਸ਼ੈਲੀ ਵਿਚ ਇਹ ਨਾਟਕ ਪਾਸ਼ ਦੀ ਯਾਦ ਨੂੰ ਸਮਰਪਿਤ ਹੈ। ਇਸ ਨਾਟਕ ਦੇ ਨਾਂ ਨਾਲ ਸਵਾਲੀਆ ਨਿਸ਼ਾਨ ਯਥਾਰਥ ਤੋਂ ਇਛੁਕ ਯਥਾਰਥ ਦਾ ਪੜਾਅ ਹੈ।

*(ਨਾਟਕ ਸ਼ੁਰੂ ਹੋਣ 'ਤੇ ਸਰਦਾਰ ਮੰਚ ਦੇ ਇਕ ਪਾਸੇ ਤੋਂ ਮੰਚ 'ਤੇ ਆਉਂਦਾ ਹੈ ਤੇ ਦੂਜੇ ਪਾਸੇ ਜਾ ਕੇ ਅੰਦਰਵਾਰ ਆਵਾਜ਼ ਦੇਂਦਾ ਹੈ, ਓਏ ਕਾਲਿਆ ਉਠਿਆ ਨਹੀਂ ਹਾਲੇ। ਆਵਾਜ਼ ਦੇ ਕੇ ਉਹ ਪਿਛੇ ਹੱਟਦਾ ਹੈ। ਕਰਮੋ ਚੁੰਨੀ ਨਾਲ ਹੱਥ ਪੂੰਝਦੀ ਅੰਦਰੋਂ ਨਿਕਲਦੀ ਹੈ।)*

ਕਰਮੋ : ਆਓ ਸਰਦਾਰ ਜੀ।

ਸਰਦਾਰ : ਕਿੱਥੇ ਹੈ ਆਪਣਾ ਕਾਲਾ ਸਿੰਘ ?

ਕਰਮੋ : ਹਾਲੇ ਜਾਗਿਆ ਨਹੀਂ, ਰਾਤੀਂ ਦੇਰ ਨਾਲ ਆਇਆ ਸੀ।

ਸਰਦਾਰ : ਕਿੱਥੇ ਗਿਆ ਸੀ ਰਾਤੀਂ ?

ਕਰਮੋ : ਤੁਹਾਡੇ ਵੱਲੋਂ ਹੀ ਆਇਆ ਸੀ। ਇਕ ਗੱਲ ਆਖਾਂ ਸਰਦਾਰ ਜੀ, ਤੁਸੀਂ ਉਹਨੂੰ ਬਹੁਤ ਨਾ ਪੀਣ ਦਿਆ ਕਰੋ।

ਸਰਦਾਰ : ਉਹ ਆਪ ਪੀਂਦਾ ਏ, ਮੈਂ ਨਹੀਂ ਉਸਦੇ ਮੂੰਹ ਪਾਉਂਦਾ, ਸਹੁਰੀ ਦਾ, ਉਂਈ ਮੁਫ਼ਤ ਦੀ ਸਮਝ ਕੇ ਬਿੰਦ ਕੁ ਬਾਅਦ ਕੌਲੀ ਅਗੇ ਕਰ ਦੇਂਦਾ ਹੈ। ਨਾਲੇ ਇਹ ਤੂੰ ਮੈਨੂੰ ਕਿਉਂ ਆਖਦੀ ਏ, ਉਹਨੂੰ ਆਖ ਕਿ ਨਾ ਪੀਆ ਕਰ।

ਕਰਮੋ : ਉਹਨੂੰ ਤਾਂ ਆਖਾਂਗੀ ਹੀ।

ਸਰਦਾਰ : ਕੀ ਤੇਰੀ ਨਹੀਂ ਸੁਣਦਾ ?

ਕਰਮੋ : ਜਦੋਂ ਨਾ ਪੀਤੀ ਹੋਵੇ ਤਾਂ ਸੁਣਦਾ ਏ।

ਸਰਦਾਰ : ਤੇ ਜਦੋਂ ਪੀਤੀ ਹੋਵੇ ?

ਕਰਮੋ : ਤਾਂ ਗਾਲ੍ਹਾਂ ਕੱਢਦਾ ਏ ਹੱਡ ਪੈਰ ਦੁੱਖਦੇ ਨੇ, ਇਹ ਦਵਾਈ ਦਾ ਕੰਮ ਦੇਂਦੀ ਏ– ਤੇ ਨਾਲੇ ਨਸ਼ਾ ਵੀ ਬਹੁਤ ਕਰਨ ਲਗ ਪਿਆ ਏ ਤੇ ਨਸ਼ੇ ਦਾ ਬੰਦੋਬਸਤ ਤੁਹਾਡੇ ਰਾਹੀਂ ਕਰਦਾ ਏ।

ਸਰਦਾਰ : ਅਸੀਂ ਤਾਂ ਤੋਲਾ ਕੁ ਦੇਈਦਾ ਬਈ ਕੰਮ ਚੰਗਾ ਕਰ ਲਵੇ।

ਕਰਮੋ : ਤੁਹਾਨੂੰ ਤਾਂ ਆਪਣੇ ਕੰਮ ਦਾ ਲਾਲਚ ਏ, ਪਰ ਉਸਨੂੰ ਕੁਝ ਹੋ ਗਿਆ ਤਾਂ ਮੇਰਾ ਕੀ ਬਣੇਗਾ ?

ਸਰਦਾਰ : ਉਹਦਾ ਤੂੰ ਫ਼ਿਕਰ ਕਿਉਂ ਕਰਦੀ ਏ ?

ਕਰਮੋ : ਇਹੋ ਫ਼ਿਕਰ ਕਰਦੀ ਆਂ ਕਿ ਉਹਦੇ ਬਿਨਾਂ ਮੇਰਾ ਕੌਣ ਏ ! ਤੇ ਬੇਸਹਾਰਾ ਤੀਵੀਂ ਦਾ ਕੌਣ ਰਖਵਾਲਾ ਏ ?

ਸਰਦਾਰ : ਕੁਝ ਨਹੀਂ ਲਹਿ ਜਾਂਦਾ ਤੀਵੀ ਦਾ। ਤੀਵੀ ਨੂੰ ਥੋੜ੍ਹਾ ਜਿਹਾ ਬਹਾਦਰ ਹੋਣਾ ਚਾਹੀਦਾ ਏ, ਆਪਣੀ ਕਦਰ ਪਵਾਉਣ ਦੀ ਜਾਚ ਹੋਣੀ ਚਾਹੀਦੀ ਏ, ਫੇਰ ਉਹਨੂੰ ਕਾਹਦਾ ਘਾਟਾ ਏ ?

ਕਰਮੋ : ਕੀ ਮਤਲਬ ?

ਸਰਦਾਰ : ਹੁਣ ਮਤਲਬ ਵੀ ਮੈਂ ਸਮਝਾਵਾਂ ? ਹਾਂ ਤਾਂ ਕਾਲਾ ਸਿੰਘ ਜਾਗੇ ਤਾਂ ਉਹਨੂੰ ਜਲਦੀ ਭੇਜ ਦੇਈਂ (ਜਾਂਦਿਆਂ ਹੋਇਆ ਫੇਰ ਮੁੜਕੇ) ਤੇ ਕਮਲੀਏ ਬਹੁਤਾ ਫ਼ਿਕਰ ਨਹੀਂ ਕਰੀਦਾ, ਤੀਵੀਂ ਇਕ ਮਰਦ ਨਾਲ ਚੰਬੜੀ ਰਹੇ, ਉਹਦੀ ਕਦਰ ਨਹੀਂ ਪੈਂਦੀ।

ਕਰਮੋ : ਇਹੋ ਗੱਲ ਤੂੰ ਮੇਰੇ ਮਰਦ ਸਾਹਮਣੇ ਕਹਿ ਦੇਵੇ ਤਾਂ ਤੇਰਾ ਸਿਰ ਪਾੜ ਦੇਵੇਗਾ।

ਸਰਦਾਰ : ਉਹਦੇ ਵਿਚ ਹੁਣ ਹਿੰਮਤ ਕਿਥੇ ? ਹੁਣ ਉਹ ਪੂਰੀ ਤਰ੍ਹਾਂ ਡੱਬੀ ਦਾ ਗੁਲਾਮ ਏ ਤੇ ਡੱਬੀ ਰਾਹੀਂ ਸਾਡਾ...ਤੇ ਇਸ ਲਈ ਤੈਨੂੰ ਇਹ ਗੱਲ ਆਖਣ ਲਈ ਮੈਨੂੰ ਸਾਲ ਡੇਢ ਉਡੀਕ ਕਰਨੀ ਪਈ।

ਕਰਮੋ : ਇਹੋ ਗੱਲ ਜੇ ਮੈਂ ਸਰਦਾਰਨੀ ਬਾਰੇ ਕਹਿ ਦੇਵਾਂ ?

ਸਰਦਾਰ : ਕੋਈ ਫ਼ਰਕ ਨਹੀਂ ਪੈਂਦਾ। ਸਾਡੀਆਂ ਆਪਣੀਆਂ ਜ਼ਨਾਨੀਆਂ ਹੁੰਦੀਆਂ ਨੇ ਸਾਡੇ ਲਈ ਜ਼ਮੀਨ ਦਾ ਵਾਰਸ ਪੈਦਾ ਕਰਨ ਲਈ, ਅਸੀਂ ਉਨ੍ਹਾਂ ਨੂੰ ਪੈਸੇ ਧੇਲੇ ਦੇ ਖਰਚ ਦੀ ਖੁਲ੍ਹ ਦੇ ਕੇ ਅਤੇ ਘਰ ਦੀ ਕੁੰਜੀ ਦੇ ਕੇ ਖੁਸ਼ ਰਖੀਦਾ ਹੈ। ਅੰਦਰਲੀ ਹਵੇਲੀ 'ਚ ਉਨ੍ਹਾਂ ਦੀ ਬਰਦਾਸ਼ਤ ਮੰਨੀ ਦੀ ਏ ਤੇ ਬਾਹਰਲੀ ਹਵੇਲੀ 'ਚ ਅਸੀਂ ਆਪਣੀ ਚਲਾਈ ਦੀ ਏ। ਸਮਝ ਗਈ ਏ ਨਾ। ਬਸ ਆ ਜਾਂਈ ਕਦੀ ਸ਼ਾਮ ਨੂੰ ਬਾਹਰਲੀ ਹਵੇਲੀ (ਜਾਂਦਾ ਹੈ)।

ਕਰਮੋ : ਸਮਝ ਗਈ ਚੰਗੀ ਤਰ੍ਹਾਂ ਆ ਜਾਵੇਗੀ।

*(ਇਹ ਵਾਰਤਾਲਾਪ ਇਸ ਪ੍ਰਭਾਵ ਨਾਲ ਬੋਲਦੀ ਹੈ, ਜਿਸ ਤਰ੍ਹਾਂ ਉਹਨੇ ਕੋਈ ਇਰਾਦਾ ਬਣਾਇਆ ਹੋਵੇ। ਕਾਲੇ ਦਾ ਪ੍ਰਵੇਸ਼।)*

ਕਾਲਾ : ਕਿੰਨਾਂ ਵੇਲਾ ਹੋ ਗਿਆ, ਤੂੰ ਜਗਾਇਆ ਕਿਉਂ ਨਹੀਂ ?

ਕਰਮੋ : ਵਾਜਾਂ ਤਾਂ ਮਾਰੀਆਂ ਸਨ ਤੇ ਵਾਜਾਂ ਤੈਨੂੰ ਸਰਦਾਰ ਵੀ ਮਾਰਦਾ ਗਿਐ।

ਕਾਲਾ : ਉਹ ਆਪ ਆਇਆ ਸੀ ?

ਕਰਮੋ : ਆਹੋ ਤੇਰੇ ਲਈ ਵੀ ਸੁਨੇਹਾ ਦੇ ਗਿਆ ਏ ਤੇ ਮੈਨੂੰ ਵੀ ਆਖ ਗਿਆ ਏ ਕਿ ਸ਼ਾਮ ਪਏ ਬਾਹਰਲੀ ਹਵੇਲੀ ਆ ਜਾਇਆ ਕਰ।

ਕਾਲਾ : ਬਾਹਰਲੀ ਹਵੇਲੀ ਕਾਹਦੇ ਲਈ ?

ਕਰਮੋ : ਇਹਦਾ ਤੈਨੂੰ ਬਹੁਤਾ ਪਤਾ ਹੋਵੇ, ਤੂੰ ਹੀ ਉਥੇ ਬਹੁਤੀ ਰਾਤ ਤੱਕ ਰਹਿਣਾ ਏਂ, ਮੈਂ ਤਾਂ ਅੰਦਰਲੀ ਹਵੇਲੀ 'ਚ ਹੀ ਕੰਮ ਕਰਦੀ ਹਾਂ

ਕਾਲਾ : ਤੂੰ ਉਥੇ ਨਾ ਜਾਵੀਂ।

ਕਰਮੋ : ਕਿਉਂ ?

ਕਾਲਾ : ਉਹ ਤੀਵੀਆਂ ਲਈ ਠੀਕ ਥਾਂ ਨਹੀਂ।

ਕਰਮੋ : ਫੇਰ ਤੂੰ ਕਿਉਂ ਜਾਂਦਾ ਏ ?

ਕਾਲਾ : ਮੈਂ ਤਾਂ ਨੌਕਰ ਹੋਇਆ।

ਕਰਮੋ : ਤੇਰੇ ਕਰਕੇ ਸਰਦਾਰ ਮੈਨੂੰ ਵੀ ਆਪਣੀ ਨੌਕਰਾਣੀ ਸਮਝਦਾ ਏ।

ਕਾਲਾ : ਮੈਂ ਵੇਖ ਲਵਾਂਗਾ ਉਸ ਕੰਜਰ ਨੂੰ।

ਕਰਮੋ : ਉਹ ਕੰਜਰ ਕਹਿੰਦਾ ਸੀ ਕਿ ਤੂੰ ਉਹਨੂੰ ਨਹੀਂ ਦੇਖ ਸਕਦਾ।

ਕਾਲਾ : ਕਿਉਂ ?

ਕਰਮੋ : ਅਖੇ ਤੂੰ ਨਸ਼ੇ ਦਾ ਗੁਲਾਮ ਏਂ ਤੇ ਨਸ਼ਾ ਤੈਨੂੰ ਉਹਦੇ ਕੋਲੋਂ ਹੀ ਮਿਲ ਸਕਦਾ ਏ।

ਕਾਲਾ : ਮੈਂ ਹੁਣ ਨਸ਼ਾ ਨਹੀਂ ਕਰਨ ਲੱਗਾ।

ਕਰਮੋ : ਸਹੁੰ ਖਾ।

ਕਾਲਾ : ਤੇਰੀ ਸਹੁੰ, ਹੁਣ ਮੈਨੂੰ ਚਾਹ ਦਾ ਘੁਟ ਦੇ, ਨਸ਼ਾ ਪਿਆ ਟੁੱਟਦਾ ਏ।

ਕਰਮੋ : ਹੁਣੇ ਤੂੰ ਸੌਂਹ ਖਾਧੀ ਏ। ਉਂਝ ਤੂੰ ਸੋਚਿਐ ਕਿ ਸਰਦਾਰ ਇਹ ਸਭ ਅੱਯਾਸ਼ੀਆਂ ਕਿਵੇਂ ਕਰ ਲੈਂਦਾ ਏ, ਉਹਦੇ ਕੋਲ ਪੈਸਾ ਕਿਥੋਂ ਆਉਂਦਾ ਏ ?

ਕਾਲਾ : ਬਹੁਤਾ ਤਾਂ ਮੈਂ ਕਦੀ ਨਹੀਂ ਸੋਚਿਆ। ਪਰ ਜਦੋਂ ਲੋੜ ਪਵੇ ਸ਼ਾਹ ਕੋਲ ਚਲਾ ਜਾਂਦਾ ਏ ਤੇ ਲੈ ਆਉਂਦਾ ਏ।

ਕਰਮੋ : ਸ਼ਾਹ ਉਹਨੂੰ ਕਿਉਂ ਦੇਂਦਾ ਏ, ਕਿਉਂਕਿ ਸ਼ਾਹ ਨੂੰ ਪਤਾ ਏ ਕਿ ਉਹਦੀ ਰਕਮ ਮਰਦੀ ਨਹੀਂ। ਸਰਦਾਰ ਕੋਲ ਹਵੇਲੀ ਏ, ਜ਼ਮੀਨ ਏ, ਟਰੈਕਟਰ ਏ ਤੇ ਤੇਰੇ ਵਰਗੇ ਨੌਕਰ ਨੇ।

ਕਾਲਾ : ਹਾਂ ਇਹ ਤਾਂ ਠੀਕ ਏ।

ਕਰਮੋ : ਤੇ ਤੂੰ ਕਦੀ ਇਹ ਵੀ ਸੋਚਿਐ, ਸਰਦਾਰ ਕੋਲ ਸਭ ਕੁਝ ਕਿਉਂ ਏ ਤੇ ਤੇਰੇ ਕੋਲ ਕਿਉਂ ਨਹੀਂ ?

ਕਾਲਾ : ਪਰ ਤੈਨੂੰ ਇਹ ਗੱਲਾਂ ਸਾਰੀਆਂ ਕਿਥੋਂ ਆ ਗਈਆਂ ?

ਕਰਮੋ : ਵਿਹੜੇ ਵਿਚ ਜਦੋਂ ਅਸੀਂ ਬੈਠਦੀਆਂ ਹਾਂ ਤੇ ਇਹ ਸਭ ਕੁਝ ਸੋਚਦੀਆਂ ਹਾਂ। ਆਪਣੇ ਸਿੰਗਾਰੇ ਦੀ ਭੈਣ ਪੜ੍ਹਨੀ ਏ ਤੇ ਉਸਨੂੰ ਸਾਰਾ ਕੁਝ ਪਤਾ ਲਗ ਗਿਆ ਏ।

ਕਾਲਾ : ਸਿੰਗਾਰਾ ਹੁਣ ਸ਼ਹਿਰ ਧਾਗਾ ਫ਼ੈਕਟਰੀ ਕੰਮ ਕਰਦਾ ਏ ਤੇ ਮੈਨੂੰ ਇਹ ਵੀ ਪਤਾ ਏ ਕਿ ਉਹ ਹੁਣ ਕਾਮਰੇਡ ਬਣ ਗਿਆ ਏ।

ਕਰਮੋ : ਇਹ ਤਾਂ ਸਾਰਿਆਂ ਨੂੰ ਪਤਾ ਏ।

ਕਾਲਾ : ਤੇ ਮੈਨੂੰ ਇਹ ਵੀ ਪਤਾ ਏ ਕਿ ਉਹਦੇ ਘਰ ਸ਼ਹਿਰ ਤੋਂ ਕਦੇ ਕਦੇ ਇਕ ਕਾਮਰੇਡ ਵੀ ਆਉਂਦਾ ਏ ਤਾਂ ਸਿੰਗਾਰੇ ਦੀ ਭੈਣ ਜੀਤੋ ਉਹਦੀ ਬੜੀ ਸੇਵਾ ਕਰਦੀ ਏ। ਪਹਿਲੇ ਉਹ ਕਦੇ ਕਦੇ ਆਉਂਦਾ ਸੀ ਤੇ ਹੁਣ ਅਕਸਰ ਆਉਣ ਲਗ ਪਿਆ ਏ।

ਕਰਮੋ : ਤੈਨੂੰ ਇਹ ਸਭ ਕੁਝ ਕਿਵੇਂ ਪਤਾ ਏ ?

ਕਾਲਾ : ਸਰਦਾਰ ਨੇ ਸੂਹ ਰੱਖਣ ਲਈ ਆਖਿਆ ਸੀ।

ਕਰਮੋ : ਸਰਦਾਰ ਨੂੰ ਕੀ ਤਕਲੀਫ਼ ਏ ?

ਕਾਲਾ : ਤਕਲੀਫ਼ ਇਹ ਵੇ ਕਿ ਸਿੰਗਾਰਾ ਜਿਥੇ ਕੰਮ ਕਰਦਾ ਏ, ਉਥੇ ਪਿੱਛੇ ਹੜਤਾਲ ਹੋਈ ਸੀ, ਸਿੰਗਾਰੇ ਨੇ ਵੱਧ ਚੜ੍ਹਕੇ ਹਿੱਸਾ ਲਿਆ ਤੇ ਧਾਗਾ ਫੈਕਟਰੀ ਦਾ ਮਾਲਕ ਸਰਦਾਰ ਦਾ ਖ਼ਾਸ ਸਬੰਧ ਵਾਲਾ ਬੰਦਾ ਏ। ਬਾਹਰਲੀ ਹਵੇਲੀ ਵਾਲੀ ਮਹਿਫ਼ਲ 'ਚ ਅਕਸਰ ਆਉਂਦਾ ਏ (ਰਾਜ਼ ਨਾਲ) ਤੇ ਹੁਣ ਸਰਦਾਰ ਦੀ ਉਸ ਸਿੰਗਾਰੇ ਦੀ ਭੈਣ, ਜੋ

ਕਾਮਰੇਡਨੀ ਏ, ਨਜ਼ਰ ਹੈਗੀ ਏ।

ਕਰਮੋ : ਸਰਦਾਰ ਦੀ ਨਜ਼ਰ ਤੇ ਕਈਆਂ ’ਤੇ ਏ ਤੂੰ ਸਰਦਾਰ ਦਾ ਗੋਲਾ ਬਣ ਕੇ ਮੁਖਬਰੀ ਕਰਦਾ ਏਂ।

ਕਾਲਾ : ਇਹਦੇ ਲਈ ਉਹ ਮੈਨੂੰ ਵੱਖਰੇ ਪੈਸੇ ਦੇਂਦਾ ਏ। ਹਾਂ ਤੇ ਹੋਰ ਸੁਣ ਸਰਦਾਰ ਦੀ ਇਹ ਸਕੀਮ ਏ ਕਿ ਕਿਸੇ ਐਸੇ ਦਿਨ ਜਦੋਂ ਸ਼ਿੰਗਾਰਾ ਫੈਕਟਰੀ ਗਿਆ ਹੋਵੇਗਾ ਅਤੇ ਸ਼ਹਿਰ ਵਾਲਾ ਕਾਮਰੇਡ ਉਥੇ ਸ਼ਿੰਗਾਰੇ ਦੇ ਘਰ ਹੋਵੇਗਾ ਤਾਂ ਜੀਤੋ ਕੱਲੀ ਹੋਵੇਗੀ, ਉਹ ਪਿੰਡ ਕੱਠਾ ਕਰਕੇ ਉਹਦੇ ਬੂਹੇ ਜਾ ਵੜੇਗਾ।

ਕਰਮੋ : ਤੇ ਤੂੰ, ਇਹ ਵੀ ਮੁਖਬਰੀ ਕਰੇਂਗਾ ?

ਕਾਲਾ : (ਚੁੱਪ)

ਕਰਮੋ : ਦੂਜਿਆਂ ਦੀ ਮੁਖਬਰੀ ਪਿਛੋਂ ਕਰੀਂ, ਪਹਿਲੇ ਆਪਣੇ ਘਰ ਨੂੰ ਸਾਂਭ, ਅਗਲੇ ਤੇਰੇ ਘਰ ਸੰਨ ਲਾਉਣ ਨੂੰ ਫਿਰਦੇ ਨੇ। ਤੇਰਾ ਸਰਦਾਰ ਮੈਨੂੰ ਸੱਦਾ ਦੇ ਗਿਆ ਏ, ਬਾਹਰਲੀ ਹਵੇਲੀ ’ਚ ਆਉਣ ਲਈ ਤੇ ਹੋਰ ਸੁਣ ਜੀਤੋ ਉਸ ਕਾਮਰੇਡ ਨਾਲ ਵਿਆਹ ਕਰ ਰਹੀ ਏ ਕੱਲ੍ਹ ਪਰਸੋਂ ਹੀ, ਤੇ ਅਸੀਂ ਉਸ ਵਿਚ ਸਾਰਿਆਂ ਨੇ ਸ਼ਾਮਲ ਹੋਣਾ ਏ।

ਕਾਲਾ : ਕਦੋਂ ਆਉਣੀ ਏ ਬਰਾਤ ?

ਕਰਮੋ : ਅਸੀਂ ਸਭ ਨੇ ਹੀ ਬਰਾਤ ਹੋਣਾ ਏ। ਇਕ ਦੂਜੇ ਦੇ ਗੱਲ ਵਿਚ ਹਾਰ ਪਾਉਣਗੇ ਤੇ ਰਸਮ ਖ਼ਤਮ।

ਕਾਲਾ : ਪਰ ?

ਕਰਮੋ : ਪਰ ਪੁਰ ਕੁਝ ਨਹੀਂ ਤੇ ਆਪਣੇ ਸਰਦਾਰ ਨੂੰ ਖ਼ਬਰ ਕਰ ਦੇਵੀਂ ਤੇ ਜਾ ਹੁਣ ਦੇਰ ਪਈ ਹੁੰਦੀ ਏ, ਚਾਹ ਵੀ ਓਥੇ ਹੀ ਪੀਵੀਂ, ਐਵੇਂ ਤੇਰੀ ਜਾਨ ਨੂੰ ਰੋਂਦਾ ਹੋਣਾ ਏ।

*(ਕਾਲਾ ਬਾਹਰ ਜਾਂਦਾ ਹੈ ਤੇ ਕਰਮੋ ਵੀ ਦੂਜੇ ਪਾਸੇ ਤੋਂ Exit)*

## ਸੀਨ ਦੂਜਾ

*(ਸ਼ਾਹ ਮੰਚ ’ਤੇ ਇਕ ਪਾਸੇ ਤੋਂ ਆ ਕੇ ਆਪਣੀ ਗੱਦੀ ’ਤੇ ਬੈਠਦਾ ਹੈ। ਸਰਦਾਰ ਵੀ ਦੂਜੇ ਪਾਸੇ ਤੋਂ ਆਉਂਦਾ ਹੈ।)*

ਸ਼ਾਹ : ਸਰਦਾਰ ਜੀ, ਸੁਨੇਹਾ ਤੁਹਾਡਾ ਮਿਲ ਗਿਆ ਸੀ, ਤੁਹਾਡੀਆਂ ਮੰਗਾਂ ਕੁਝ ਵੱਧਦੀਆਂ ਹੀ ਜਾਂਦੀਆਂ ਨੇ।

ਸਰਦਾਰ : ਤੁਹਾਨੂੰ ਤਾਂ ਫ਼ਿਕਰ ਨਹੀਂ ਹੋਣਾ ਚਾਹੀਦਾ ਸ਼ਾਹ ਜੀ। ਹਰ ਇਕ ਦਿੱਤੀ ਰਕਮ ਦੇ ਬਦਲੇ ਤੁਸੀਂ ਜ਼ਮੀਨ ਦੇ ਕਾਗਜ਼ ਲਈ ਜਾਂਦੇ ਹੋ।

ਸ਼ਾਹ : ਕਾਗਜ਼ਾਂ ਨੂੰ ਮੈਂ ਥੈਲੀ ’ਚ ਪਾ ਕੇ ਚੱਟਣਾ ਏ ? ਤੁਸੀਂ ਮੇਰੀ ਮੰਨੋ, ਇਕ

ਦੋ ਕਿੱਲੇ ਵੇਚ ਸੁਟੋ, ਰਕਮ ਖਰੀ ਕਰੋ, ਬੈਂਕ ਵਿਚ ਰਖੋ ਤੇ ਲੋੜ ਅਨੁਸਾਰ ਕਢਵਾਉਂਦੇ ਜਾਓ, ਸੌਦਾ ਮੈਂ ਕਰਵਾ ਦੇਵਾਂਗਾ।

ਸਰਦਾਰ : ਇਹਦੇ ਬਾਰੇ ਸੋਚਾਂਗਾ। ਜ਼ਮੀਨ ਵੇਚਾਂਗੇ ਤਾਂ ਚਰਚਾ ਹੋਵੇਗਾ। ਸਰਦਾਰਨੀ ਨੂੰ ਖ਼ਬਰ ਹੋਵੇਗੀ, ਚਰਚਾ ਮੈਂ ਨਹੀਂ ਕਰਵਾਉਣਾ ਚਾਹੁੰਦਾ। ਆਖ਼ਰ ਇੱਜ਼ਤ ਵੀ ਕੋਈ ਚੀਜ਼ ਏ।

ਸ਼ਾਹ : ਤੁਹਾਡੇ ਪਿਤਾ ਜੀ, ਵੱਡੇ ਸਰਦਾਰ ਹੋਰੀਂ ਵੀ ਖਰਚ ਕਰਨੋਂ ਖੁੱਲ੍ਹੇ ਡੁੱਲ੍ਹੇ ਸਨ, ਪਰ ਤੁਸਾਂ ਤਾਂ ਉਨ੍ਹਾਂ ਨੂੰ ਮਾਤ ਪਾ ਦਿੱਤਾ ਏ, ਸੁਣਦੇ ਹਾਂ ਰੋਜ਼ ਰਾਤ ਮਹਿਫ਼ਲ ਲਗਾਉਂਦੇ ਹੋ।

ਸਰਦਾਰ : ਵੇਖੋ ਸ਼ਾਹ ਜੀ, ਇਹ ਤਾਂ ਤੁਹਾਡੀ ਸਰਕਾਰ ਨੇ...।

ਸ਼ਾਹ : ਸਾਡੀ ਸਰਕਾਰ ਨੇ...!

ਸਰਦਾਰ : ਆਹੋ ਤੁਹਾਡੇ ਸ਼ਾਹਾਂ ਦੀ ਹੀ ਹੋਈ, ਅਸੀਂ ਤਾਂ ਐਵੇਂ ਫੋਕੀਆਂ ਜ਼ਮੀਨਾਂ ਦੇ ਮਾਲਕ ਹੀ ਹਾਂ। ਚੰਗੇ ਭਲੇ ਬਾਜ਼ਾਰ ਚਲਦੇ ਸਨ। ਬੰਦਾ ਜਾਂਦਾ ਮਨਪਸੰਦ ਦਾ ਗਾਣਾ ਸੁਣਦਾ ਤੇ ਨਾਲੇ ਮਨਪਸੰਦ ਦੀ ਨਾਲ ਰਾਤ ਕੱਟ ਆਉਂਦਾ, ਪੈਸਾ ਖਰਚਦਾ ਤੇ ਘਰ ਮੁੜ ਆਉਂਦਾ। ਘਰ ਦੀ ਤੀਵੀਂ ਵੀ ਖੁਸ਼। ਜੇ ਪੁੱਛੇ ਕਿਥੇ ਗੁਜ਼ਾਰੀ ਰਾਤ ਚੰਨ ਵੇ, ਤੇ ਜਵਾਬ ਮਿਲਦਾ ਚੰਨੀਏ, ਸ਼ਹਿਰ ਕੰਮ ਤੇ ਗੁਜ਼ਾਰੀ ਰਾਤ, ਨਾ ਉਹ ਕੋਈ ਅੱਗੋਂ ਪੁੱਛੇ ਤੇ ਨਾ ਕੋਈ ਅੱਗੋਂ ਦੱਸੇ ਪਰ ਹੁਣ ਤਾਂ...

ਸ਼ਾਹ : ਹੁਣ ਤਾਂ ਕੀ ?

ਸਰਦਾਰ : ਚਲੋ ਤੁਸੀਂ ਪੁੱਛ ਕੇ ਕੀ ਲੈਣਾ ਏ ? ਉਂਝ ਤੁਸੀਂ ਹੀ ਦੱਸੋ, ਇਹ ਪਿਓ ਦਾਦੇ ਜਿਹੜੇ ਜਦੈਤਾਂ ਛੱਡ ਗਏ ਨੇ ਇਹ ਵੀ ਤਾਂ ਬਿਲੇ ਲਾਉਣੀਆਂ ਹੋਈਆਂ, ਤੁਹਾਡਾ ਕੀ ਖ਼ਿਆਲ ਏ ?

ਸ਼ਾਹ : ਅਸੀਂ ਭਲਾ ਕੀ ਖ਼ਿਆਲ ਦੱਸ ਸਕਦੇ ਹਾਂ ?

ਸਰਦਾਰ : ਆਹੋ ਤੁਸੀਂ ਭਲਾ ਕੀ ਦੱਸ ਸਕਦੇ ਹੋ ? ਨਾ ਤੁਹਾਨੂੰ ਵਹੀਆਂ ਵਿਚੋਂ ਵਿਹਲ ਮਿਲੇ ਤੇ ਨਾ ਹੀ ਤੁਹਾਡਾ ਖ਼ਿਆਲ ਹੋਰ ਕੰਮਾਂ ਵੱਲ ਜਾਏ।

ਸ਼ਾਹ : ਇਹ ਠੀਕ ਏ।

ਸਰਦਾਰ : (ਮਸ਼ਕਰੀ ਕਰਕੇ) ਪਰ ਸ਼ਾਹ ਜੀ, ਸਭ ਠੀਕ ਨਹੀਂ। ਪਿਛੇ ਜਿਹੇ ਮੰਡੀ ਵਿਚ ਥੋੜ੍ਹੀ ਜਿਹੀ ਖੱਪ ਪਈ ਸੀ, ਤੁਹਾਡੇ ਬਾਰੇ ਕਿ ਸਵੇਰੇ ਉਹ ਬੁਹਕਰ ਦੇਣ ਵਾਲੀ ਉਤੇ ਤੁਸੀਂ ਕੁਝ ਨਜ਼ਰਾਂ ਜਿਹੀਆਂ ਸੁੱਟੀਆਂ ਸਨ।

ਸ਼ਾਹ : ਉਹ ਨਹੀਂ, ਸਰਦਾਰ ਜੀ, ਐਵੇਂ ਬਾਤ ਦਾ ਬਤੰਗੜ ਬਣ ਗਿਆ, ਸਹੁਰੀ ਦੀ ਆਪ ਨੀਵੇਂ ਗਲਮੇ ਵਾਲੀ ਕਮੀਜ਼ ਜਿਹੀ ਪਾ ਆਈ।

ਸਰਦਾਰ : ਕਿਸੇ ਸ਼ਾਹਣੀ ਦਾ ਉਤਾਰ ਹੀ ਹੋਣਾ ਏ ?

ਸ਼ਾਹ : ਸਾਨੂੰ ਕੀ ਪਤਾ ਕਿਥੋਂ ਲਿਆਈ ? ਜਿਵੇਂ ਜਾਣ ਬੁਝ ਕੇ ਕਿਸੇ ਨੂੰ ਭਰਮਾਈ ਦਾ ਏ।

ਸਰਦਾਰ : ਤੇ ਫੇਰ ਤੁਸੀਂ ਭਰਮ ਗਏ ਤੇ ਇਸ ਤੋਂ ਪਹਿਲਾਂ ਕਿ ਤੁਸੀਂ ਕੁਝ ਕਰਦੇ ਸਹੁਰੀ ਨੇ ਰੌਲਾ ਪਾ ਦਿੱਤਾ।

ਸ਼ਾਹ : ਤੁਹਾਨੂੰ ਕਿੰਝ ਪਤਾ ਏ ?

ਸਰਦਾਰ : ਇਹੋ ਜਿਹੇ ਕੰਮਾਂ ਵਿਚ ਇੰਝ ਹੀ ਹੁੰਦਾ ਏ ? ਫੇਰ ਕਿੰਨਾ ਕੁ ਦੇ ਕੇ ਛੁਟਕਾਰਾ ਹੋਇਆ ?

ਸ਼ਾਹ : ਕੀ ਮਤਲਬ ?

ਸਰਦਾਰ : ਮਤਲਬ ਕਿ ਜਦੋਂ ਇਹੋ ਜਿਹੀ ਗੱਲ ਹੋ ਜਾਏ ਤਾਂ ਕੁਝ ਦੇ ਕੇ ਹੀ ਛੁਟਕਾਰਾ ਹੁੰਦਾ ਏ।

ਸ਼ਾਹ : ਤੁਹਾਨੂੰ ਕਿਸ ਤਰ੍ਹਾਂ ਪਤਾ ਏ ?

ਸਰਦਾਰ : ਤਜਰਬਾ- ਸ਼ਾਹ ਜੀ ਤੁਸੀਂ ਵਹੀ ਖਾਤੇ ਦੇ ਤਜਰਬੇਕਾਰ ਤੇ ਅਸੀਂ ... ਚਲੋ ਛੱਡੋ ਫੇਰ ਉਸਤੋਂ ਬਾਅਦ ਤਾਂ ਨਹੀਂ ਨਾ ਹੋਈ ਕੋਈ ਹੋਰ ਗੱਲ ?

ਸ਼ਾਹ : ਨਾ ਜੀ ਤੋਬਾ, ਹੁਣ ਤਾਂ ਅਸੀਂ ਤੀਵੀ ਦੇ ਕੋਲੋਂ ਨਹੀਂ ਲੰਘਦੇ।

ਸਰਦਾਰ : ਕਹੋ ਤਾਂ ਲੰਘਾ ਦੇਈਏ ?

ਸ਼ਾਹ : ਮਤਲਬ ?

ਸਰਦਾਰ : ਮਤਲਬ ਕਿ ਤੁਸੀਂ ਰਕਮ ਖਰਚਣ ਵਾਲੇ ਬਣੋ। ਤੁਹਾਡੀ ਸਰਕਾਰ ਜੇਕਰ ਬਾਜ਼ਾਰ ਬੰਦ ਕਰ ਦੇਵੇ ਤਾਂ ਇਹਦਾ ਇਹ ਮਤਲਬ ਨਹੀਂ ਕਿ ਵਪਾਰ ਬੰਦ ਹੋ ਜਾਏ ਤਾਂ ਇਹ ਵਪਾਰ ਰੋਮਨ ਅਮੀਰਾਂ ਲਈ ਹੀ ਚਲਦਾ ਸੀ ਤੇ ਅੱਜ ਦੇ ਅਮੀਰਾਂ ਲਈ ਵੀ ਚਲਦਾ ਪਿਆ ਏ। ਵੱਡੇ-ਵੱਡੇ ਹੋਟਲਾਂ ਵਿਚ ਇਹ ਸੇਵਾ ਸਭ ਚਲਦੀ ਏ ਤੇ ਅਸੀਂ ਆਪਣੀ ਬਾਹਰ ਵਾਲੀ ਹਵੇਲੀ 'ਚ ਸਭ ਸੇਵਾ ਦਾ ਇੰਤਜ਼ਾਮ ਰਖਿਆ ਹੋਇਆ ਏ।

ਸ਼ਾਹ : ਤੁਸੀਂ ਸਭ ਕੁਝ ਕਿਸ ਤਰ੍ਹਾਂ ਕਰਦੇ ਹੋ ?

ਸਰਦਾਰ : ਸਿੱਧੀ ਜਿਹੀ ਗੱਲ ਏ, ਸਾਨੂੰ ਕੋਈ ਨਾ ਕੋਈ ਕਿਸੇ ਧੀ ਦਾ ਮਜਬੂਰ ਬਾਪ, ਕਿਸੇ ਨਾ ਕਿਸੇ ਭੈਣ ਦਾ ਵੈਲੀ ਭਰਾ ਜਾਂ ਕਿਸੇ ਨਾ ਕਿਸੇ ਤੀਵੀਂ ਦਾ ਨਸ਼ਈ ਘਰ ਵਾਲਾ ਲੱਭ ਪੈਂਦਾ ਹੈ, ਜਾਂ ਕਹਿ ਲਵੋ ਅਸੀਂ ਉਹਦੀ ਤਲਾਸ਼ ਕਰ ਲੈਂਦੇ ਹਾਂ। ਅਸੀਂ ਲੋੜਵੰਦਾਂ ਦੀ ਲੋੜ ਪੂਰੀ ਕਰ ਦੇਂਦੇ ਹਾਂ ਤੇ ਬਦਲੇ ਵਿਚ ਸਾਡੀ ਮਹਿਫ਼ਲ ਗਰਮ ਰਹਿੰਦੀ ਏ।

ਸ਼ਾਹ : ਪਰ ਕੀ ਇਹ ਸਭ ਕੁਝ ਸੌਖਿਆਂ ਹੋ ਜਾਂਦਾ ਏ ?

ਸਰਦਾਰ : ਕਦੀ ਕਦੀ ਕੋਈ ਵਿਘਨ ਪੈ ਜਾਂਦਾ ਏ ਪਰ ਉਸ ਵੇਲੇ ਇਹ ਪੁਲਿਸ ਵਾਲੇ ਆਪਣੀ ਸਹਾਇਤਾ ਕਰ ਦੇਂਦੇ ਨੇ ਕਿਉਂਕਿ ਮਹਿਫ਼ਲਾਂ ਦੇ

ਇਹ ਵੀ ਸ਼ੁਕੀਨ ਹੁੰਦੇ ਨੇ। ਹੁਣ ਆਪਣੇ ਕੋਲ ਜਿਹੜਾ ਮਜ੍ਹਬੀ ਏ, ਬੜੇ ਸਾਲ ਪਹਿਲਾਂ ਇਹਦੀ ਇਕ ਭੈਣ ਨੇ ਐਵੇਂ ਮੂਰਖਤਾ ਕਰਕੇ ਕੁਝ ਖਾ ਲਿਆ ਤੇ ਉਹ ਸਭ ਕੁਝ ਮੇਰੇ ਨਾਂ ਨਾਲ ਜੁੜ ਗਿਆ ਪਰ ਪੁਲਿਸ ਨੇ ਸਭ ਕੁਝ ਰਫ਼ਾ ਦਫ਼ਾ ਕਰ ਦਿੱਤਾ। ਹੁਣ ਮਜ੍ਹਬੀ ਦੀ ਘਰ ਵਾਲੀ ਵੀ ਮਾੜਾ ਮਾਲ ਨਹੀਂ, ਭਾਵੇਂ ਹਾਲਾਂ ਥੋੜ੍ਹਾ ਅੜਦੀ ਏ। ਬਾਕੀ ਸ਼ਾਹ ਜੀ ਗੱਲ ਸਾਰੇ ਸ਼ੌਕ ਦੀ ਏ। ਰੋਮਨ ਅਮੀਰ ਹੋਣ, ਸ਼ੌਕ ਉਨ੍ਹਾਂ ਦੇ ਇਕੋ, ਇਸ ਤਰ੍ਹਾਂ ਰੋਮਨ ਗੁਲਾਮ ਹੋਣ ਜਾਂ ਅੱਜ ਦੇ ਲੋੜਵੰਦ ਹੋਣ, ਮਜਬੂਰੀ ਉਨ੍ਹਾਂ ਦੀ ਇਕੋ।

*(ਜਦੋਂ ਇਹ ਵਾਰਤਾਲਾਪ ਹੋ ਰਿਹਾ ਹੈ, ਸ਼ਾਹ ਨੋਟ ਗਿਣੀ ਜਾਂਦਾ ਹੈ।)*

ਸ਼ਾਹ : ਲਓ ਕਰੋ ਇਥੇ ਦਸਤਖ਼ਤ– (ਸਬਰਦਰ ਦਸਤਖ਼ਤ ਕਰਦਾ ਹੈ) ਜ਼ਿੰਦਗੀ ਦਾ ਸਵਾਦ ਤਾਂ ਤੁਸੀਂ ਹੀ ਮਾਣਦੇ ਹੋ ? ਵੱਡੀ ਗੱਲ ਨਜ਼ਰ ਵੀ ਕਿਸੇ ਦੇ ਨਹੀਂ ਚੜ੍ਹਦੇ, ਅਸੀਂ ਤਾਂ ਥੋੜ੍ਹੀ ਜਿਹੀ ਝਾਤੀ ਹੀ ਪਾ ਦੇਈਏ ਤਾਂ ਅਖ਼ਬਾਰਾਂ ਛਪ ਜਾਂਦੀਆਂ ਨੇ।

ਸਰਦਾਰ : ਕਦੀ ਸਾਡੀ ਮਹਿਫ਼ਲ ਵਿਚ ਆਓ।

ਸ਼ਾਹ : ਆਵਾਂਗੇ–

ਸਰਦਾਰ : ਇਸ ਸ਼ਨੀਚਰ ਹੀ ਆ ਜਾਓ।

*(ਜਾਂਦਾ ਹੈ, ਸ਼ਾਹ ਵੀ ਵਹੀ ਸਾਂਭਦਾ ਹੈ ਤੇ Exit)*

## ਤੀਜਾ ਸੀਨ

(ਕਾਲਾ ਮੰਜੇ 'ਤੇ ਉਦਾਸ ਬੈਠਾ ਹੈ)

ਕਰਮੋ : ਕੀ ਗੱਲ ਏ ?

ਕਾਲਾ : ਕੁਝ ਨਹੀਂ।

ਕਰਮੋ : ਬੜਾ ਨਿਮੋਝੂਣਾ ਬੈਠਾ ਏਂ।

ਕਾਲਾ : ਐਵੇਂ ਹੀ।

ਕਰਮੋ : ਐਵੇਂ ਹੀ ਨਹੀਂ ਮੇਰੇ ਵੱਲ ਵੇਖ– ਅੱਖਾਂ ਕਿਉਂ ਨੀਵੀਆਂ ਕਰ ਲਈਆਂ ?

(ਕਾਲਾ ਵੇਖਦਾ ਹੈ ਤੇ ਫੇਰ ਅੱਖਾਂ ਨੀਵੀਆਂ ਕਰ ਲੈਂਦਾ ਹੈ।)

ਕਾਲਾ : ਤੇਰੀਆਂ ਗੱਲਾਂ ਸਾਰੀਆਂ ਠੀਕ ਹਨ, ਇਹ ਵੱਡੇ ਬੰਦੇ ਬੜੇ ਭੈੜੇ ਬੰਦੇ ਹੁੰਦੇ ਨੇ।

ਕਰਮੋ : ਅੱਜ ਕੋਈ ਨਵੀਂ ਗੱਲ ਹੋਈ ਏ ?

ਕਾਲਾ : ਅੱਜ ਸਰਦਾਰ ਜਦੋਂ ਸ਼ਾਹ ਕੋਲੋਂ ਪੈਸਾ ਲੈਣ ਗਿਆ, ਉਹਨੇ ਬੜੀਆਂ ਹੀ ਭੈੜੀਆਂ ਗੱਲਾਂ ਕੀਤੀਆਂ।

ਕਰਮੋ : ਤੇਰੇ ਸਾਹਮਣੇ ?

ਕਾਲਾ : ਨਹੀਂ ਮੈਂ ਬਾਹਰ ਬੈਠਾ ਸੀ, ਪਰ ਮੈਨੂੰ ਸੁਣਦਾ ਸਭ ਕੁਝ ਸਾਫ਼ ਪਿਆ ਸੀ ਭਾਵੇਂ ਅੰਦਰ ਬੈਠਿਆਂ ਨੇ ਇਹੀ ਸੋਚਿਆ ਹੋਣਾ ਕਿ ਮੈਨੂੰ ਕੁਝ ਨਹੀਂ ਪਿਆ ਸੁਣਦਾ।

ਕਰਮੋ : ਫੇਰ ?

ਕਾਲਾ : ਦੱਸਦਾ ਪਿਆ ਸੀ ਕਿ ਉਹ ਹਵੇਲੀ 'ਚ ਹਰ ਰਾਤ ਐਯਾਸ਼ੀ ਕਰਨ ਲਈ ਤੀਵੀਆਂ ਕਿਥੋਂ ਲਿਆਉਂਦਾ ਏ ਜਾਂ ਉਹ ਕਿਉਂ ਆਉਂਦੀਆਂ ਨੇ।

ਕਰਮੋ : ਕਿਉਂ ਆਉਂਦੀਆਂ ਨੇ ?

ਕਾਲਾ : ਅਖੇ ਸਰਕਾਰ ਨੇ ਚੱਕਲੇ ਬੰਦ ਕਰ ਦਿੱਤੇ ਨੇ, ਪਰ ਗ਼ਰੀਬੀ ਤੇ ਮਜਬੂਰੀ ਤਾਂ ਉਥੇ ਹੀ ਖਲੋਤੀ ਏ ਤੇ ਕੋਈ ਮਜਬੂਰ ਬਾਪ, ਕੋਈ ਮਜਬੂਰ ਭਰਾ ਜਾਂ ਕੋਈ ਮਜਬੂਰ ਘਰ ਵਾਲਾ ਆਪਣੀ ਧੀ, ਭੈਣ ਜਾਂ ਤੀਵੀਂ ਵੀ ਉਨ੍ਹਾਂ ਕੋਲ ਭੇਜ ਸਕੇ।

ਕਰਮੋ : ਤੇ ਸ਼ਾਹ ਨੇ ਕੀ ਕਿਹਾ ?

ਕਾਲਾ : ਸ਼ਾਹ ਨੂੰ ਵੀ ਖੁਰਕ ਹੋਣੀ ਸ਼ੁਰੂ ਹੋ ਗਈ। ਸਰਦਾਰ ਨੇ ਤੇਰਾ ਜ਼ਿਕਰ ਵੀ ਕੀਤਾ, ਅਖੇ ਮੈਂ ਮਜ੍ਹਬੀ ਨੂੰ ਲੀਕੋ ਲੀਕਾ ਪਾ ਲਿਆ ਏ ਤੇ ਉਹ ਦਿਨ ਦੂਰ ਨਹੀਂ ਜਦੋਂ ਮਜ੍ਹਬਣ ਨਿਸੰਗ ਹੋ ਕੇ ਹਵੇਲੀ ਆਇਆ ਕਰੇਗੀ।

ਕਰਮੋ : ਮੈਨੂੰ ਵੀ ਪਤਾ ਏ ਕਿ ਇਕ ਦਿਨ ਮੈਨੂੰ ਜਾਣਾ ਹੀ ਪਏਗਾ।

ਕਾਲਾ : ਇਹ ਤੈਨੂੰ ਕਿਸ ਤਰ੍ਹਾਂ ਪਤਾ ਏ ?

ਕਰਮੋ : ਇਹ ਆਪਣੇ ਦਿਲ ਕੋਲੋਂ ਪੁੱਛ।

ਕਾਲਾ : ਮੈਂ?

ਕਰਮੋ : ਹਾਂ ਜਦੋਂ ਵਿਆਹੀ ਆਈ ਸਾਂ ਤਾਂ ਤੂੰ ਕੜੀ ਵਰਗਾ ਜਵਾਨ ਸੀ। ਪਿੰਡ ਦਾ ਹਰ ਘਰ ਤੈਨੂੰ ਆਪਣੇ ਨਾਲ ਸੀਰੀਂ ਰਲਾਉਣ ਲਈ ਤਿਆਰ ਸੀ ਅਤੇ ਤੂੰ ਹੀ ਸਭ ਨੂੰ ਜਵਾਬ ਦੇ ਦੇਂਦਾ ਸੀ ਕਿ ਤੂੰ ਬਾਪੂ ਦਾ ਕੌਲ ਨਿਭਾਏਂਗਾ।

ਕਾਲਾ : ਬਾਪੂ ਵਾਲੀ ਗੱਲ ਵੀ ਤੈਨੂੰ ਦੱਸ ਦਿਆਂਗਾ। ਗੱਲ ਜੋ ਮੈਨੂੰ ਅੱਜ ਪਤਾ ਲੱਗੀ ਏ ਪਰ ਤੂੰ ਪਹਿਲੇ ਆਪਣੀ ਗੱਲ ਮੁਕਾ ਲੈ।

ਕਰਮੋ : ਤੇ ਸਰਦਾਰ ਨੇ ਹੌਲ਼ੇ-ਹੌਲ਼ੇ ਤੈਨੂੰ ਮੁਫ਼ਤ ਸ਼ਰਾਬ ਅਤੇ ਮਾਵੇ ਦੀ ਆਦਤ ਪਾ ਦਿੱਤੀ। ਮੈਂ ਤੈਨੂੰ ਆਖਦੀ ਰਹੀ, ਵਰਜਦੀ ਰਹੀ ਕਿ

ਬੱਚ ਜਾ। ਤੇ ਤੂੰ ਹੌਲ਼ੇ-ਹੌਲ਼ੇ ਖੁਰਨਾ ਸ਼ੁਰੂ ਕਰ ਦਿੱਤਾ, ਤੇਰੀਆਂ ਬਾਹਵਾਂ ਦੀ ਸਤਿਆ ਘੱਟਦੀ ਗਈ।

ਕਾਲਾ : ਤੈਨੂੰ ਕਿਵੇਂ ਪਤਾ ਲੱਗਾ ?

ਕਰਮੋ : ਆਪਣੇ ਮਰਦ ਬਾਰੇ ਤੀਵੀਂ ਨਾ ਜਾਣੇਗੀ ਤਾਂ ਹੋਰ ਕੌਣ ਜਾਣੇਗਾ ? ਮੈਂ ਬੜੀ ਵਾਰ ਤੈਨੂੰ ਸਰਦਾਰ ਦੀ ਮੈਲੀ ਅੱਖ ਬਾਰੇ ਇਸ਼ਾਰਾ ਕੀਤਾ ਪਰ ਤੂੰ ਅਣਗੌਲਿਆ ਕਰ ਦਿੱਤਾ, ਅਖੇ ਤੇਰਾ ਵਹਿਮ ਏ, ਸਰਦਾਰ ਮੇਰੇ ਵੱਲ ਕਦੀ ਮਾੜਾ ਹੋ ਸਕਦੈ ?

ਕਾਲਾ : ਹਾਂ ਕਦੀ ਮੈਂ ਇਹ ਜ਼ਰੂਰ ਕਿਹਾ ਕਰਦਾ ਸਾਂ।

ਕਰਮੋ : ਤੇ ਤੂੰ ਇਹ ਵੀ ਦਲੀਲ ਦਿਆ ਕਰਦਾ ਸੀ ਕਿ ਸਰਦਾਰ ਦੇ ਘਰ ਸੁਨੱਖੀ ਸਰਦਾਰਨੀ ਏ, ਬੱਚੇ ਨੇ, ਉਹਨੂੰ ਕੀ ਲੋੜ ਏ ਬਾਹਰ ਖੇਹ ਖਾਣ ਦੀ।

ਕਾਲਾ : ਹਾਂ ਮੈਨੂੰ ਉਸ ਵੇਲੇ ਸਰਦਾਰ ਦੀਆਂ ਹਵੇਲੀ ਵਾਲੀਆਂ ਕਾਰਵਾਈਆਂ ਦਾ ਪਤਾ ਨਹੀਂ ਸੀ।

ਕਰਮੋ : ਤੇ ਹੁਣ ਜਦੋਂ ਤੈਨੂੰ ਪਤਾ ਲਗ ਗਈਆਂ ਨੇ, ਤਾਂ ਤੂੰ ਕੁਝ ਕਰਨ ਜੋਗਾ ਨਹੀਂ।

ਕਾਲਾ : ਇਹ ਤੂੰ ਕੀ ਪਈ ਕਹਿਨੀ ਏ ?

ਕਰਮੋ : ਉਹੋ, ਜੋ ਤੇਰੇ ਵਿਚ ਆਈ ਤਬਦੀਲੀ ਵੇਖ ਕੇ ਮੈਨੂੰ ਕਹਿਣਾ ਪੈ ਰਿਹਾ ਏ।

ਕਾਲਾ : ਤਬਦੀਲੀ ?

ਕਰਮੋ : ਪਹਿਲਾਂ ਮੈਂ ਤੈਨੂੰ ਸਮਝਾਉਂਦੀ ਤੂੰ ਸਮਝ ਵੀ ਜਾਂਦਾ, ਮੇਰੇ ਸਿਰ 'ਤੇ ਹੱਥ ਰੱਖ ਕੇ ਕਸਮ ਵੀ ਖਾਂਦਾ ਭਾਵੇਂ ਇਹ ਵੱਖਰੀ ਗੱਲ ਏ ਕਿ ਸਰਦਾਰ ਕੋਲ ਪੁੱਜ ਕੇ ਸਭ ਭੁਲ ਜਾਂਦਾ। ਪਹਿਲੇ ਸਰਦਾਰ ਦੇ ਕਹਿਣ 'ਤੇ ਬਾਹਰਲੀ ਹਵੇਲੀ ਦੇ ਸੁਥਰਨ ਦੀ ਗੱਲ ਕਰਦੀ ਤਾਂ ਤੂੰ ਕਹਿ ਦੇਂਦਾ ਕੋਈ ਜਾਣ ਦੀ ਲੋੜ ਨਹੀਂ ਤੂੰ ਆਪੇ ਸੁਥਰ ਲਏਗਾ ਤੇ ਫੇਰ ਇਹ ਇਕ ਦਿਨ ਕਹਿ ਦਿੱਤਾ ਕਿ ਹੋ ਆਇਆ ਕਰ, ਤੀਵੀਂਆਂ ਦਾ ਕੰਮ ਤੀਵੀਂਆਂ ਨੂੰ ਹੀ ਸੋਭਦਾ।

ਕਾਲਾ : ਫੇਰ ਤੂੰ ਵੀ ਜਾਣਾ ਸ਼ੁਰੂ ਕਰ ਦਿੱਤਾ ਏ ?

ਕਰਮੋ : ਹਾਂ ਦਿਨੇ ਜਾਨੀ ਹਾਂ, ਸਰਦਾਰਨੀ ਨੂੰ ਨਾਲ ਲੈਨੀ ਆਂ, ਪੱਜ ਪਾ ਦੇਨੀ ਆਂ, ਕੀਮਤੀ ਚੀਜ਼ਾਂ ਨੇ ਹਵੇਲੀ 'ਚ ਕੋਈ ਗੁੰਮ ਨਾ ਹੋ ਜਾਣ।

ਕਾਲਾ : ਸਰਦਾਰ ਵੀ ਉਥੇ ਹੁੰਦਾ ਏ ?

ਕਰਮੋ : ਜਿਵੇਂ ਤੈਨੂੰ ਕੁਝ ਪਤਾ ਨਹੀਂ ?

ਕਾਲਾ : ਮੈਂ ਤਾਂ ਖੇਤਾਂ ਵਿਚ ਹੁੰਦਾ ਹਾਂ, ਘਰ ਕਦੋਂ ਹੁੰਦਾ ਹਾਂ ?

ਕਰਮੋ : ਸਰਦਾਰ ਔਖਾ ਤਾਂ ਬੜਾ ਹੁੰਦਾ ਏ, ਪਰ ਸਰਦਾਰਨੀ ਅੱਗੇ ਬੋਲਦਾ ਨਹੀਂ।

ਕਾਲਾ : ਆਹੋ ਸਰਦਾਰਨੀ ਡਾਢੀ ਵੀ ਬੜੀ ਏ।

ਕਰਮੋ : ਐਵੇਂ ਡਾਢੀ ਏ, ਉਤੋਂ ਉਤੋਂ ਆਪਣੀ ਇੱਜ਼ਤ ਮਾਰੀ ਬੋਲਦੀ ਨਹੀਂ ਹੋਣੀ, ਉਂਝ ਵਿਚੋਂ ਸਭ ਸਮਝਦੀ ਏ ਕਿ ਉਹਦਾ ਮਰਦ ਇਕ ਕੁੱਤਾ ਬੰਦਾ ਏ।ਤੇ ਹੁਣ ਸਰਦਾਰ ਦਾ ਏਥੇ ਘਰ ਵੱਲ ਵੀ ਫੇਰਾ ਵੱਧ ਗਿਆਏ ਤੇ ਆਉਂਦਾ ਵੀ ਉਸ ਵੇਲੇ ਜਦੋਂ ਉਹਨੂੰ ਪਤਾ ਹੋਵੇ ਕਿ ਤੂੰ ਘਰ ਨਹੀਂ। ਤੈਨੂੰ ਕਿਧਰੇ ਹੋਰ ਭੇਜ ਦੇਂਦਾ ਹੈ।ਪੁਸ਼ਤਾਂ ਤੋਂ ਇਨ੍ਹਾਂ ਵੱਡਿਆਂ ਬੰਦਿਆਂ ਨੂੰ ਮਾੜੀਆਂ ਆਦਤਾਂ ਪਈਆਂ ਨੇ। ਗ਼ਰੀਬਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਨਾਲ ਖੇਡਣ। ਪਰ ਤੂੰ ਕੀ ਸੋਚੀਂ ਪੈ ਗਿਆ ਏਂ ?

ਕਾਲਾ : ਮੈਂ ਤੈਨੂੰ ਹੁਣੇ ਆਖਿਆ ਸੀ ਕਿ ਬਾਪੂ ਵੇਲੇ ਦੀ ਗੱਲ ਦੱਸਾਂਗਾ।

ਕਰਮੋ : ਹਾਂ ਦੱਸ ਕੀ ਗੱਲ ਏ ?

ਕਾਲਾ : ਬੜੇ ਵਰ੍ਹਿਆਂ ਦੀ ਗੱਲ ਏ, ਮੈਂ ਨਿੱਕਾ ਜਿਹਾ ਹੁੰਦਾ ਸਾਂ ਪਰ ਬਹੁਤਾ ਨਿੱਕਾ ਵੀ ਨਹੀਂ– ਮਾਂ ਬਿਮਾਰ ਸੀ।ਬਾਪੂ ਨੇ ਸਰਦਾਰਾਂ ਦੇ ਘਰ ਗੋਹਾ ਕੂੜਾ ਕਰਨ ਲਈ ਮੇਰੀ ਵੱਡੀ ਭੈਣ ਗੁਰਨਾਮੀ ਨੂੰ ਭੇਜ ਦਿੱਤਾ ਸੀ। ਜਦੋਂ ਗੁਰਨਾਮੀ ਵਾਪਸ ਆਈ ਤਾਂ ਉਹ ਕਿਸੇ ਨਾਲ ਅੱਖ ਨਹੀਂ ਸੀ ਮਿਲਾ ਰਹੀ, ਉਸ ਦੀਆਂ ਗੱਲ੍ਹਾਂ ਉੱਤੇ ਦੰਦਾਂ ਦੇ ਨਿਸ਼ਾਨ ਸਨ।

ਕਰਮੋ : ਬਘਿਆੜਾਂ ਕੋਲੋਂ ਹੋਰ ਉਮੀਦ ਵੀ ਕੀ ਰੱਖੀ ਜਾ ਸਕਦੀ ਏ ?

ਕਾਲਾ : ਬਾਪੂ ਨੇ ਗੁਰਨਾਮੀ ਦੇ ਸਿਰ 'ਤੇ ਹੱਥ ਧਰ ਕੇ ਕਿਹਾ– ਕੋਈ ਗੱਲ ਨਹੀਂ ਧੀਏ, ਸਾਡੀ ਤਾਂ ਕਿਸਮਤ ਅਜੇਹੀ ਹੈ।

ਕਰਮੋ : ਬਸ ਏਥੇ ਹੀ ਤਾਂ ਸਾਰੀ ਖੇਡ ਵਿਗੜਦੀ ਏ– ਫੇਰ ਕੀ ਹੋਇਆ ?

ਕਾਲਾ : ਗੁਰਨਾਮੀ ਫੇਰ ਬਹੁਤਾ ਚਿਰ ਨਹੀਂ ਜੀਵੀ ਸੀ, ਬਿਮਾਰ ਹੋਈ ਸੀ, ਉਲਟੀ ਹੋਈ ਸੀ ਤੇ ਫੇਰ ਖ਼ਤਮ।

ਕਰਮੋ : ਉਹਨੇ ਕੁਝ ਖਾ ਲਿਆ ਹੋਣਾ ਏ।ਇੰਝ ਹੀ ਵਿਚਾਰੀਆਂ ਬਹੁਤੀਆਂ ਕਰਦੀਆਂ ਨੇ, ਪਰ ਤੈਨੂੰ ਇਹ ਕੁਝ ਅੱਜ ਕਿਵੇਂ ਪਤਾ ਲੱਗਾ ?

ਕਾਲਾ : ਸ਼ਾਹ ਨਾਲ ਗੱਲਾਂ ਕਰਦੇ ਅੱਜ ਸਰਦਾਰ ਨੇ ਖੁਲ੍ਹਾ ਜ਼ਿਕਰ ਕੀਤਾ ਕਿ ਆਪਣੇ ਮਜ੍ਹਬੀ ਦੀ ਇਕ ਭੈਣ ਹੁੰਦੀ ਸੀ– ਅਖੇ ਉਨ੍ਹਾਂ ਨਾਲ ਕੁਝ ਕਰੋ ਤਾਂ ਉਹ ਬੋਲਦੀਆਂ ਨਹੀਂ ਹੁੰਦੀਆਂ, ਬਸ ਕੁਝ ਖਾ ਕੇ ਆਪਣਾ ਆਪ ਖ਼ਤਮ ਕਰ ਲੈਂਦੀਆਂ ਏ– ਪਰ ਤੂੰ ਨਾ ਜਾਵੀਂ...।

ਕਰਮੋ : ਨਹੀਂ ਜਾਣਾ ਤਾਂ ਮੈਨੂੰ ਪੈਣਾ ਏ, ਪਰ ਮੈਂ ਇਕ ਇਰਾਦਾ ਬਣਾਇਆ ਹੋਇਆ ਏ।

ਕਾਲਾ : ਕੀ ?

ਕਰਮੋ : ਇਹ ਤਾਂ ਸਮਾਂ ਹੀ ਦੱਸੇਗਾ ਤੇ ਸਮਾਂ ਹਮੇਸ਼ਾਂ ਇਹ ਕਹਿੰਦਾ ਏ, ਜੋ ਕੱਲ੍ਹ ਸੀ, ਉਹ ਅੱਜ ਨਹੀਂ ਤੇ ਜੋ ਅੱਜ ਹੈ, ਉਹ ਕੱਲ੍ਹ ਨਹੀਂ ਹੋਵੇਗਾ। ਤੂੰ ਨਿਸੰਗ ਹੋ ਕੇ ਜੋ ਕਰਨਾ ਏ, ਕਰ। ਮੇਰਾ ਫ਼ਿਕਰ ਨਾ ਕਰੀਂ– ਹਾਂ ਤੇਰੇ ਤੇ ਤੇਰੇ ਸਰਦਾਰ ਲਈ ਖ਼ਬਰ, ਜੀਤੋ ਨੇ ਕਾਮਰੇਡ ਨਾਲ ਵਿਆਹ ਕਰ ਲਿਆ ਏ, ਉਹ ਸ਼ਹਿਰ ਚਲੀ ਗਈ ਏ। ਪਰ ਸਾਡੇ ਨਾਲ ਵਾਅਦਾ ਕਰ ਗਈ ਏ ਕਿ ਉਹ ਆਇਆ ਕਰੇਗੀ। ਹਿੰਮਤ ਵਾਲੀ ਕੁੜੀ ਏ ਤੇ ਸਾਨੂੰ ਵੀ ਹਿੰਮਤ ਦੇਂਦੀ ਏ। (ਜਾਂਦੀ ਹੋਈ) ਤੇ ਅੰਦਰ ਆ ਕੇ ਚਾਹ ਪੀ ਲੈ, ਬੀਤੇ ਨੂੰ ਯਾਦ ਕਰਕੇ ਉਦਾਸ ਨਹੀਂ ਹੋਈਦਾ ਸਗੋਂ ਕੁਝ ਸਬਕ ਸਿੱਖੀਦਾ ਹੈ।

*(ਕਰਮੋ ਅੰਦਰ ਜਾਂਦੀ ਹੈ ਤੇ ਕਾਲਾ ਵੀ ਮਗਰ ਜਾਂਦਾ ਹੈ)*

## ਸੀਨ ਚੌਥਾ

(ਸਰਦਾਰ ਤੇ ਸ਼ਾਹ ਹੱਸਦੇ ਹੱਸਦੇ ਆਉਂਦੇ ਹਨ)

ਸਰਦਾਰ : ਲਓ ਸ਼ਾਹ ਜੀ, ਤੁਸੀਂ ਵੀ ਅੱਜ ਪਹਿਲੀ ਵਾਰੀ ਆਏ ਹੋ ਤੇ ਉਹ ਵੀ ਅੱਜ ਪਹਿਲੀ ਵਾਰੀ ਆ ਰਹੀ ਜੇ।

ਸ਼ਾਹ : ਕੌਣ ?

ਸਰਦਾਰ : ਆਪਣੇ ਮਜ਼੍ਹਬੀ ਦੀ ਘਰ ਵਾਲੀ।

ਸ਼ਾਹ : ਕਿਉਂ ਆਪਣਾ ਵੀ ਤੇ ਮੇਰਾ ਵੀ ਧਰਮ ਖ਼ਰਾਬ ਕਰਨ ਲੱਗੇ ਹੋ ?

ਸਰਦਾਰ : ਸ਼ਾਹ ਜੀ, ਬੰਦੇ ਦਾ ਕੁਝ ਨਹੀਂ ਵਿਗੜਦਾ, ਉਹ ਤਾਂ ਨਾੜ੍ਹਾ ਧੋਤਾ ਘੋੜਾ ਏ। ਰੰਗ ਦੀ ਭਾਵੇਂ ਮੁਸ਼ਕੀ ਏ ਪਰ ਹੈ ਤੇਜ਼ ਤਿੱਖੀ। ਸ਼ਰਾਬ ਦਾ ਰੰਗ ਭਾਵੇਂ ਕੋਈ ਹੋਵੇ, ਸਵਾਦ ਤੇਜ਼ ਤੇ ਤਿੱਖਾ ਹੋਣਾ ਚਾਹੀਦਾ ਏ।

ਸ਼ਾਹ : ਸਰਦਾਰ ਜੀ ਤੁਹਾਨੂੰ ਹੋਰ ਕੋਈ ਕੰਮ ਨਹੀਂ, ਹਰ ਵੇਲੇ ਇਹੋ ਕੁਝ ਸੋਚਦੇ ਰਹਿੰਦੇ ਹੋ। ਕਿਆ ਤਸ਼ਬੀਹ ਦਿੱਤੀ ਜੇ–

ਸਰਦਾਰ : ਸ਼ਾਹ ਜੀ, ਇਹ ਐਵੇਂ ਨਹੀਂ ਸੁੱਝਦੀਆਂ, ਰੁੜਕੀ ਲਖਨਊ ਜਾਈਦਾ ਏ, ਕੋਠੇ ਵਾਲੀਆਂ ਦੀ ਸੋਹਬਤ ਕਰੀਦੀ ਏ, ਗੱਲਾਂ ਤਾਂ ਬਸ ਉਨ੍ਹਾਂ ਨੂੰ ਕਰਨੀਆਂ ਆਉਂਦੀਆਂ ਨੇ ਤੇ ਗਾਉਣਾ ਵੀ ਉਨ੍ਹਾਂ ਦੇ ਹਿੱਸੇ ਹੀ ਹੈ।

ਸ਼ਾਹ : ਗਾਉਣ ਵਾਲੀਆਂ ਤਾਂ ਇਥੇ ਵੀ ਬੜੀਆਂ ਨੇ।

ਸਰਦਾਰ : ਉਨ੍ਹਾਂ ਵਿਚ ਕੁਝ ਨਹੀਂ। ਐਵੇਂ ਮੂੰਹ ਜਿਹਾ ਲਿਸ਼ਕਾ ਕੇ ਸਟੇਜ ਚੜ੍ਹ ਜਾਂਦੀਆਂ ਨੇ ਤੇ ਲੱਕ ਜਿਹਾ ਭੁੜਕਾ ਕੇ ਗਾਉਂਦੀਆਂ ਨੇ, ਬਾਕੀ ਸ਼ਾਹ ਜੀ ਤੁਹਾਡਾ ਇਹ ਸਵਾਲ ਬੜਾ ਵਾਜਬ ਸੀ ਕਿ ਸਾਨੂੰ ਹੋਰ ਕੋਈ ਕੰਮ ਨਹੀਂ ? ਹੋਰ ਕੰਮ ਕਰਨ ਦੀ ਕੀ ਲੋੜ ਏ ? ਬੁੜ੍ਹਾ ਸਾਡਾ

ਬਹੁਤ ਕੁਝ ਸਾਡੇ ਲਈ ਇਸੇ ਕੰਮ ਲਈ ਛੱਡ ਗਿਆ ਏ।

ਸ਼ਾਹ : ਹਾਂ ਵੱਡੇ ਸਰਦਾਰ ਹੋਰਾਂ ਦੀਆਂ ਕਿਆ ਬਾਤਾਂ ਸਨ।

ਸਰਦਾਰ : ਸਾਡੇ ਲਈ ਤਾਂ ਇਹ ਮਸਲਾ ਬਣਿਆ ਪਿਆ ਏ ਕਿ ਧੰਨ ਖਰਚ ਕਿਵੇਂ ਕੀਤਾ ਜਾਏ। ਲਓ ਆ ਗਈ ਜੇ।

*(ਕਰਮੋ ਇਕ ਪਾਸੇ ਤੋਂ ਆ ਕੇ ਉਨ੍ਹਾਂ ਅੱਗੋਂ ਲੰਘਦੀ ਹੋਈ ਬਾਹਰ ਨਿਕਲ ਜਾਂਦੀ ਹੈ)*

ਸ਼ਾਹ : ਇਹ ਤਾਂ ਆਪਣੀ ਮੰਡੀ ਵਾਲੀ ਵਰਗੀ ਏ।

ਸਰਦਾਰ : ਇਹ ਸਾਰੀਆਂ ਇਹੋ ਜਿਹੀਆਂ ਹੁੰਦੀਆਂ ਨੇ। ਤੁਸੀਂ ਇਥੇ ਟਿਕ ਕੇ ਬੈਠੋ, ਮੈਂ ਜ਼ਰਾ ਅੰਦਰ ਕੰਮ ਰਾਸ ਕਰ ਆਵਾਂ।

ਸ਼ਾਹ : ਪਰ ਉਹਦਾ ਮਜ਼ਬੀ ਵੀ ਤਾਂ ਇਥੇ ਹੀ ਏ।

ਸਰਦਾਰ : ਉਹਦਾ ਤੁਸੀਂ ਫ਼ਿਕਰ ਨਾ ਕਰੋ, ਉਹ ਜਾਗਦਾ ਹੋਇਆ ਵੀ ਸੁੱਤਿਆਂ ਵਰਗਾ ਏ, ਅੱਜ ਉਹਦੀ ਖ਼ੁਰਾਕ ਥੋੜ੍ਹੀ ਵਧਾ ਦਿੱਤੀ ਸੀ।

ਸ਼ਾਹ : ਚਲੋ ਫੇਰ ਤਾਂ ਠੀਕ ਏ।

*(ਸਰਦਾਰ ਜਾਂਦਾ ਹੈ ਅਤੇ ਸ਼ਾਹ ਥੋੜ੍ਹਾ ਜਿਹਾ ਆਪਣੇ ਕਪੜੇ ਨਾਲ ਪੱਖਾ ਜਿਹਾ ਝੱਲਦਾ ਹੈ। ਕਾਲਾ ਪ੍ਰਵੇਸ਼ ਕਰਦਾ ਹੈ ਤੇ ਹੇਠ ਲਿਖਿਆ ਨਾਟਕ ਕਰਦਾ ਹੈ)*

ਕਾਲਾ : ਸ਼ਾਹ ਤੇਰਾ ਨਾਂ ਕੀ ਏ ?

ਸ਼ਾਹ : ਮੇਰਾ ਨਾਂ ?

ਕਾਲਾ : ਚਲ ਮੈਂ ਹੀ ਦੱਸ ਦੇਂਦਾ ਹਾਂ– ਦੌਲਤਸ਼ਾਹ ਤੇ ਮੇਰਾ ਨਾਂ ਪਤਾ ਹੀ ਕੀ ਏ ? ਗਰੀਬੂ ਮਜ਼ਬੀ– ਤੈਨੂੰ ਇਕ ਬੋਲੀ ਵਰਗੀ ਕਬਿਤ ਸੁਣਾਵਾਂ।

ਸ਼ਾਹ : ਸੁਣਾ ਲੈ, ਪਰ ਜ਼ਰ੍ਹਾ ਪਰ੍ਹਾਂ ਹੋ ਕੇ ਸੁਣਾ।

ਕਾਲਾ : (ਥੋੜੇ ਜਿਹੇ ਨਾਚ ਵਰਗੇ ਐਕਸ਼ਨ ਕਰਦਾ ਹੈ ਤੇ ਨਾਲ ਨਾਲ ਬੋਲੀ ਸੁਣਾਉਂਦਾ ਹੈ)

ਛੱਪੜ ਦੀਆਂ ਟਟੀਰੀਏ, ਮੰਦੇ ਬੋਲ ਨਾ ਬੋਲ।
ਦੁਨੀਆ ਤੁਰ ਪਈ ਹੱਕ ਲੈਣ ਨੂੰ, ਤੂੰ ਬੈਠੀ ਚਿੱਕੜ ਫੋਲ।
ਪਿੰਡ ਦਾ ਘਰ ਘਰ ਹੋਇਆ ਕੱਠਾ, ਪਰ੍ਹੇ 'ਚ ਵੱਜਦਾ ਢੋਲ।
ਗਰੀਬੂ ਮਜ਼ਬੀ ਦਾ ਦੌਲਤ ਸ਼ਾਹ ਨਾਲ ਘੋਲ।

*(ਉਹਨੂੰ ਥੱਲੇ ਸੁੱਟ ਲੈਂਦਾ ਹੈ)*

ਸ਼ਾਹ : ਓਏ ਮੈਂ ਤੇਰਾ ਕੀ ਵਿਗਾੜਿਆ ਏ ? ਉਹ ਸਰਦਾਰ ਤੇਰੀ ਵਹੁਟੀ ਨੂੰ ਲੈ ਕੇ ਅੰਦਰ ਗਿਆ ਏ।

ਕਾਲਾ : ਉਹਦਾ ਫ਼ਿਕਰ ਨਾ ਕਰ, ਉਹ ਆਪੇ ਉਹਨੂੰ ਸਾਂਭ ਲਏਗੀ।
ਆਲੇ ਆਲੇ ਬਹੁਟੀਆਂ, ਬੋਹਟੀ ਬੋਹਟੀ ਰੂੰ।

ਬਥੇਰਾ ਚਿਰ ਲੁੱਟਿਆ, ਅੱਜ ਕਾਬੂ ਆਇਆ ਤੂੰ।
ਧਿਆ ਲੈ ਸ਼ਾਹ ਰੱਬ ਨੂੰ, ਅੱਜ ਕੱਢਣਾ ਤੇਰਾ ਧੂੰ।

ਸ਼ਾਹ : ਉਏ ਮੈਨੂੰ ਮੁਆਫ਼ ਕਰਦੇ, ਮੇਰੀ ਤੋਬਾ।

ਕਾਲਾ : ਔਹ ਗਏ ਸਾਜਨ, ਔਹ ਗਏ, ਲੰਘ ਗਏ ਦਰਿਆ।
ਮੌਤ ਆਵੇ ਜਦ ਗਿੱਦੜ ਦੀ, ਸ਼ਹਿਰ ਵੱਲ ਜਾਵੇ ਧਾ।
ਖੰਡੇ ਦਾ ਕੀ ਰਖਣਾ, ਜੇ ਲਿਆ ਮਿਆਨੇ ਪਾ।

*(ਕਾਲਾ ਡੱਬ ਵਿਚੋਂ ਹਥਿਆਰ, ਜੋ ਕੋਈ ਵੀ ਹੋ ਸਕਦਾ ਹੈ ਕਢਦਾ ਹੈ, ਹੁਣ ਸ਼ਾਹ ਅੱਗੇ ਅੱਗੇ ਤੇ ਕਾਲਾ ਪਿੱਛੇ ਪਿੱਛੇ। ਇਕ ਦੋ ਚੱਕਰਾਂ ਬਾਅਦ ਉਹ ਸਟੇਜ ਤੋਂ ਬਾਹਰ ਨਿਕਲ ਜਾਂਦਾ ਹੈ। ਕਾਲਾ ਆਪਣਾ ਹਥਿਆਰ ਦਿਖਾ ਰਿਹਾ ਹੈ।)*

ਕਾਲਾ : ਸਰਦਾਰ ਨੂੰ ਵੇਖਦਾ ਹੈ।

*(ਕਰਮੋ ਬਾਹਰ ਆਉਂਦੀ ਹੈ, ਉਹਦੇ ਹੱਥ ਵਿਚ ਦਾਤੀ ਹੈ ਜਿਸ ਦੇ ਨਾਲ ਲਹੂ ਲੱਗਿਆ ਹੈ। ਉਹਦੇ ਚਿਹਰੇ 'ਤੇ ਇਕ ਖਾਸ ਕਿਸਮ ਦਾ ਜਲਾਲ ਹੈ।)*

ਕਰਮੋ : ਤੇਰੇ ਜਾਣ ਦੀ ਲੋੜ ਨਹੀਂ– ਜੋ ਗੁਰਨਾਮੀ ਨਾ ਕਰ ਸਕੀ, ਭਜਨੋਂ ਨਾ ਕਰ ਸਕੀ, ਉਨ੍ਹਾਂ ਦੀਆਂ ਭੈਣਾਂ ਨਾ ਕਰ ਸਕੀਆਂ, ਉਹ ਮੈਨੂੰ ਕਰਨਾ ਪਿਆ ਹੈ।

*(ਕਾਲਾ ਅਤੇ ਕਰਮੋ ਇਕ ਖਾਸ ਮੁਦਰਾ ਵਿਚ ਫ਼ਰੀਜ਼ ਹੁੰਦੇ ਹਨ ਜੋ ਉਨ੍ਹਾਂ ਦੀ ਜਿੱਤ ਅਤੇ ਇਰਾਦੇ ਦੇ ਪ੍ਰਤੀਕ ਹਨ। ਪਿੱਠ-ਭੂਮੀ ਤੇ ਕਵਿਤਾ ਦੇ ਬੋਲ ਉੱਚੇ ਹੁੰਦੇ ਹਨ।)*

ਪਿਛੋਕੜ ਬੋਲ :
ਲੋਹੇ ਨੇ ਬੜਾ ਚਿਰ ਇੰਤਜ਼ਾਰ ਕੀਤਾ ਹੈ।
ਕਿ ਲੋਹੇ 'ਤੇ ਨਿਰਭਰ ਲੋਕ,
ਲੋਹੇ ਦੀਆਂ ਪੱਤੀਆਂ ਖਾ ਕੇ,
ਖ਼ੁਦਕੁਸ਼ੀ ਕਰਨੋਂ ਹੱਟ ਜਾਣ,
ਵਿਹੜੇ ਵਿਚ ਰਹਿੰਦੀ ਭਜਨੋ ਨਾਮੋ,
ਹਵੇਲੀ 'ਚ ਰਹਿੰਦੇ ਕਿਸੇ ਧੱਕੜ ਅੱਗੇ,
ਕੱਪੜੇ ਤਕ ਵੀ ਆਪ ਲਾਹੁਣ 'ਤੇ ਮਜਬੂਰ ਨਾ ਹੋਣ।
ਪਰ ਆਖਰ ਲੋਹੇ ਨੂੰ,
ਹਥਿਆਰਾਂ ਦਾਤੀਆਂ ਦੀ,
ਸ਼ਕਲ ਇਖਤਿਆਰ ਕਰਨੀ ਪਈ ਹੈ।
ਲੋਹੇ ਨੇ ਬੜਾ ਚਿਰ ਇੰਤਜ਼ਾਰ ਕੀਤਾ ਏ।

*(ਸਮਾਪਤ)*